# ਦਫਤਰ ਜਿਲਾ ਮੈਜਿਸਟਰੇਟ, ਸਾਹਿਬਜਾਦਾ ਅਜੀਤ ਸਿੰਘ ਨਗਰ।

**ਦਫਤਰੀ ਹੁਕਮ**

ਨੰ: 1075 /ਆਈ.ਸੀ. ਮਿਤੀ 7/8/2019

ਪੰਜਾਬ ਸਰਕਾਰ ਵੱਲੋਂ ਪਾਸ ਕੀਤੇ ਪੰਜਾਬ ਹਿਊਮਨ ਸਮੱਗਲਿੰਗ ਐਕਟ-2012 (ਪੰਜਾਬ ਐਕਟ ਨੰਬਰ 2 ਆਫ 2013) (ਨੋਟੀਫਿਕੇਸ਼ਨ ਨੰਬਰ ਜੀ.ਐਸ.ਆਰ.49/ ਪੀ.ਏ.2/ 2013/ ਐਸ.18/Amd.(1)/2014 ਮਿਤੀ 16.09.2014 ਰਾਹੀਂ ਸੋਧਿਆ ਨਾਮ ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ) ਤਹਿਤ ਨਰਿੰਦਰ ਕੁਮਾਰ ਪੁੱਤਰ ਸ੍ਰੀ ਰਾਮ ਸਥਾਈ ਪਤਾ ਪਿੰਡ-ਢੱਕਤਾਣਾ, ਨਵਾਂ ਪਿੰਡ ਟੱਪਰੀਆਂ, ਤਹਿਸੀਲ-ਬਲਾਚੌਰ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਅਸਥਾਈ ਪਤਾ ਮਕਾਨ ਨੰ: 104, ਸੈਕਟਰ-71, ਮੋਹਾਲੀ, ਜਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ; ਪ੍ਰੋਪਰਾਈਟਰ Stewart Placement Services, ਐਸ.ਸੀ.ਐਫ. ਨੰ:20, ਦੂਜੀ ਮੰਜਿਲ, ਫੇਜ-7, ਮੋਹਾਲੀ, ਜਿਲ੍ਹਾ-ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਟਰੈਵਲ ਏਜੰਸੀ ਦਾ ਕੰਮ ਕਰਨ ਲਈ ਲਾਇਸੰਸ ਪ੍ਰਾਪਤ ਕਰਨ ਲਈ ਦਰਖਾਸਤ ਪੇਸ਼ ਕੀਤੀ ਸੀ। ਇਸ ਦਫਤਰ ਵੱਲੋਂ ਪ੍ਰਾਰਥੀ ਨੂੰ ਐਕਟ/ਰੂਲਾਂ ਵਿੱਚ ਦਰਸਾਏ ਅਨੁਸਾਰ ਕਾਰਵਾਈ ਕਰਦੇ ਹੋਏ ਪੁਲਿਸ ਵਿਭਾਗ ਤੋਂ ਪ੍ਰਾਪਤ ਪੜਤਾਲ ਰਿਪੋਰਟਾਂ ਦੇ ਆਧਾਰ ਤੇ ਲਾਇਸੰਸ ਨੰਬਰ 18/ਐਮ.ਸੀ-2 ਮਿਤੀ 23-04-2015 ਜਾਰੀ ਕੀਤਾ ਗਿਆ ਸੀ।

ਇਸ ਦਫਤਰ ਵਿਖੇ ਪ੍ਰਾਪਤ ਹੋਈ ਸਿਕਾਇਤ ਮਿਤੀ 26-09-2018 ਰਾਹੀਂ ਧਿਆਨ ਵਿੱਚ ਆਇਆ ਹੈ ਕਿ ਫਰਮ Stewart Placement Services ਦਾ ਦਫਤਰ ਐਸ.ਸੀ.ਓ. ਨੰ:14, ਪਹਿਲੀ ਮੰਜਿਲ, ਸੈਕਟਰ-65, ਮੋਹਾਲੀ, ਜਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ ਵੀ ਚਲਾਇਆ ਜਾ ਰਿਹਾ ਹੈ। ਜਦੋਂ ਕਿ ਉਕਤ ਫਰਮ ਵੱਲੋਂ ਇਸ ਸਬੰਧੀ ਇਸ ਦਫਤਰ ਨੂੰ ਐਕਟ ਤਹਿਤ ਲੋੜੀਂਦੇ ਦਸਤਾਵੇਜ਼ਾਂ ਸਮੇਤ ਸੂਚਿਤ ਨਹੀ ਕੀਤਾ ਗਿਆ। ਇਸ ਲਈ ਲਾਇਸੰਸੀ ਨਰਿੰਦਰ ਕੁਮਾਰ ਪੁੱਤਰ ਸ੍ਰੀ ਰਾਮ ਨੂੰ ਫਰਮ ਦੇ ਰਜਿਸਟਰਡ ਦਫਤਰੀ ਪਤਾ **Stewart Placement Services,** ਐਸ.ਸੀ.ਐਫ. ਨੰ.20, ਦੂਜੀ ਮੰਜਿਲ, ਫੇਜ਼-7, ਮੋਹਾਲੀ, ਜਿਲ੍ਹਾ-ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ ਦੇ ਸੈਕਸ਼ਨ-6 ਅਧੀਨ ਇਸ ਦਫਤਰ ਦੇ ਪੱਤਰ ਨੰ: 742/ਆਈ.ਸੀ. ਮਿਤੀ 22-11-2018 ਰਾਹੀਂ ਇਸ ਦਫਤਰ ਨੂੰ ਸੂਚਿਤ ਕੀਤੇ ਬਿਨਾਂ ਦਫਤਰੀ ਪਤਾ ਆਪਣੇ ਪੱਧਰ ਤੇ ਤਬਦੀਲ ਕਰਨ ਸਬੰਧੀ ਨੋਟਿਸ ਜਾਰੀ ਕੀਤਾ ਗਿਆ ਸੀ। ਇਹ ਨੋਟਿਸ ਫਰਮ ਦਾ ਦਫਤਰ ਬੰਦ ਹੋਣ ਕਾਰਨ ਤਾਮੀਲ ਨਹੀ ਹੋਇਆ।

ਇਸ ਲਈ ਲਾਇਸੰਸੀ ਨਰਿੰਦਰ ਕੁਮਾਰ ਪੁੱਤਰ ਸ੍ਰੀ ਰਾਮ; ਪ੍ਰੋਪਰਾਈਟਰ Stewart Placement Services ਨੂੰ ਰਿਕਾਰਡ ਮੁਤਾਬਿਕ ਸਥਾਈ ਪਤਾ ਪਿੰਡ-ਢੱਕਤਾਣਾ, ਨਵਾਂ ਪਿੰਡ ਟੱਪਰੀਆਂ, ਤਹਿਸੀਲ-ਬਲਾਚੌਰ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਇਸ ਜਿਲ੍ਹੇ ਵਿੱਚਲੇ ਅਸਥਾਈ ਪਤਾ ਮਕਾਨ ਨੰ:104, ਸੈਕਟਰ-71, ਮੋਹਾਲੀ, ਜਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਉਤੇ ਮੁੜ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ-2012 ਦੇ ਸੈਕਸਨ-6 ਤਹਿਤ ਪੱਤਰ ਨੰ: 841-42/ਆਈ.ਸੀ. ਮਿਤੀ 20-12-2018 ਰਾਹੀਂ ਨੋਟਿਸ ਭੇਜ ਕੇ ਆਖਰੀ ਮੌਕਾ ਦਿੰਦੇ ਹੋਏ ਆਪਣੀ ਸਥਿਤੀ ਸਪਸ਼ਟ ਕਰਨ ਹਿੱਤ ਲਿਖਿਆ ਗਿਆ ਸੀ। ਪਰੰਤੂ ਪ੍ਰਾਰਥੀ ਨੇ ਇਸ ਦਫਤਰ ਵਿਖੇ ਆਪਣੀ ਸਥਿਤੀ ਬਾਬਤ ਕੋਈ ਸਪਸ਼ਟੀਕਰਨ ਪੇਸ਼ ਨਹੀ ਕੀਤਾ ਗਿਆ ਹੈ।

ਇਸ ਨੋਟਿਸ ਦੀ ਕਾਪੀ ਸੀਨੀਅਰ ਕਪਤਾਨ ਪੁਲਿਸ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਪਿਠ ਅੰਕਣ ਨੰ:843/ਆਈ.ਸੀ. ਮਿਤੀ 20-12-2018 ਰਾਹੀਂ ਭੇਜਕੇ ਫਰਮ **Stewart Placement Services,** ਐਸ.ਸੀ.ਐਫ.ਨੰ.20, ਦੂਜੀ ਮੰਜਿਲ, ਫੇਜ਼-7, ਮੋਹਾਲੀ, ਜਿਲ੍ਹਾ-ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦਾ ਦਫਤਰ ਕਿੰਨੇ ਸਮੇਂ ਤੋਂ ਬੰਦ ਚਲਿਆ/ਪਤਾ ਤਬਦੀਲ ਕੀਤਾ ਗਿਆ ਹੈ, ਇਸ ਸਬੰਧੀ ਮੁਕੰਮਲ/ਸਪਸ਼ਟ ਰਿਪੋਰਟ ਮੰਗੀ ਗਈ ਸੀ। ਇਸ ਦੇ ਨਾਲ ਹੀ ਇਸ ਦਫਤਰ ਦੇ ਪੱਤਰ ਨੰ:700/ਆਈ.ਸੀ. ਮਿਤੀ 15-11-2018 ਰਾਹੀਂ ਪ੍ਰਾਪਤ ਉਕਤ ਸਿਕਾਇਤ ਸਿਕਾਇਤ ਦੀ ਪੜਤਾਲ ਰਿਪੋਰਟ ਵੀ ਭੇਜਣ ਬਾਰੇ ਲਿਖਿਆ ਗਿਆ ਸੀ।

ਲਾਇਸੰਸੀ ਨਰਿੰਦਰ ਕੁਮਾਰ ਪੁੱਤਰ ਸ੍ਰੀ ਰਾਮ; ਪ੍ਰੋਪਰਾਈਟਰ Stewart Placement Services, ਵੱਲੋਂ ਆਪਣੀ ਦਰਖਾਸਤ ਮਿਤੀ 26-03-2019 ਰਾਹੀਂ ਇਸ ਦਫਤਰ ਨੂੰ ਸੂਚਿਤ ਕੀਤਾ ਗਿਆ, ਕਿ ਉਸ ਵੱਲੋਂ ਆਪਣਾ ਟਰੈਵਲ ਏਜੰਸੀ ਦਾ ਕੰਮ ਮਈ/2018 ਵਿੱਚ ਬੰਦ ਕਰ ਦਿੱਤਾ ਸੀ। ਪਰ ਇਸ ਦੇ ਬਾਵਜੂਦ ਉਸਦੇ ਨਾਮ ਤੇ ਟੈਵਲ ਏਜੰਸੀ ਫਰਮ ਦੀ ਐਸ.ਸੀ.ਐਫ. ਨੰ:15 ਫੇਜ-11, ਮੋਹਾਲੀ ਦੇ ਪਤੇ ਤੋਂ ਦੁਰਵਰਤੋਂ ਕੀਤੀ ਜਾ ਰਹੀ ਹੈ ਜੋ ਕਿ ਉਸਨੂੰ ਟੀ.ਵੀ. ਉਤੇ ਪ੍ਰਸ਼ਾਰਤ ਹੋਣ ਵਾਲੀ ਐਡ ਤੋਂ ਪਤਾ ਚਲਿਆ ਹੈ। ਜਿਸ ਤੇ ਉਹ ਨਿੱਜੀ ਤੌਰ ਤੇ ਉਕਤ ਏਜੰਸੀ ਵਾਲੇ ਪਤੇ ਫੇਜ-11 ਵਿੱਚ ਐਸ.ਸੀ.ਐਫ.-15 ਮੋਹਾਲੀ ਦਾ ਮੌਕਾ ਵੇਖਿਆ ਤਾਂ ਉਥੇ ਉਸਦੀ ਕੰਪਨੀ ਦੇ ਨਾਮ ਦਾ ਬੋਰਡ ਲਗਾਇਆ ਹੈ ਜਦੋਂ ਕਿ ਉਕਤ ਲਾਇਸੰਸੀ ਨੇ ਮਈ/2018 ਵਿੱਚ ਇਸ ਫਰਮ ਰਾਹੀਂ ਕੰਮ ਕਰਨਾ ਬੰਦ ਕਰ ਦਿੱਤਾ ਸੀ ਅਤੇ ਇਸਦੇ ਬਾਵਜੂਦ ਉਸਦੀ ਫਰਮ ਦੇ ਨਾਮ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ।

ਲਾਇਸੰਸੀ ਵੱਲੋਂ ਲਾਇਸੰਸ ਦੀਆਂ ਧਰਾਵਾਂ ਦੀ ਪਾਲਣਾਂ ਨਾ ਕਰਨ ਕਰਕੇ ਪੰਜਾਬ ਹਿਊਮਨ ਸਮੱਗਲਿੰਗ ਐਕਟ-2012 (ਪੰਜਾਬ ਐਕਟ ਨੰਬਰ 2 ਆਫ 2013) (ਨੋਟੀਫਿਕੇਸ਼ਨ ਨੰਬਰ ਜੀ.ਐਸ.ਆਰ.49/ਪੀ.ਏ.2/2013/ਐਸ.18/Amd.(1)/2014 ਮਿਤੀ 16.09.2014 ਰਾਹੀਂ ਸੋਧਿਆ ਨਾਮ ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ) ਦੇ ਸੈਕਸ਼ਨ 6.(1).(g) ਜੋ ਕਿ ਨਿਮਨ ਅਨੁਸਾਰ ਹੈ:-

6. (1) The competent authority may, on an application made to it, by any person or otherwise on information that licensee has,

**(g) failed to do the profession of travel agent for a continuous period of three months, cancel the license:**

ਇਸ ਲਈ ਉਕਤ ਦਰਸਾਏ ਅਨੁਸਾਰ ਲਾਇਸੰਸੀ ਵੱਲੋਂ ਤਿੰਨ ਮਹੀਨਿਆਂ ਤੱਕ ਦੇ ਲਗਾਤਾਰ ਸਮੇਂ ਲਈ ਟ੍ਰੈਵਲ ਏਜੰਟ ਦਾ ਕੰਮ ਕਰਨ ਵਿੱਚ ਅਸਫਲ ਰਹਿਣ ਕਾਰਨ ਅਤੇ ਉਕਤ ਸਥਿਤੀ ਨੂੰ ਵਿਚਾਰਦੇ ਹੋਏ ਨਰਿੰਦਰ ਕੁਮਾਰ ਪੁੱਤਰ ਸ੍ਰੀ ਰਾਮ ਸਥਾਈ ਪਤਾ ਪਿੰਡ-ਢੱਕਤਾਣਾ, ਨਵਾਂ ਪਿੰਡ ਟੱਪਰੀਆਂ, ਤਹਿਸੀਲ-ਬਲਾਚੌਰ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਇਸ ਜਿਲ੍ਹੇ ਵਿੱਚਲਾ ਅਸਥਾਈ ਪਤਾ ਮਕਾਨ ਨੰ:104, ਸੈਕਟਰ-71, ਮੋਹਾਲੀ, ਜਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ; ਪ੍ਰੋਪਰਾਈਟਰ **Stewart Placement Services,** ਐਸ.ਸੀ.ਐਫ. ਨੰ:20, ਦੂਜੀ ਮੰਜਿਲ, ਫੇਜ-7, ਮੋਹਾਲੀ, ਜਿਲ੍ਹਾ-ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਇਸ ਦਫਤਰ ਵੱਲੋਂ ਜਾਰੀ ਕੀਤਾ ਗਿਆ ਟਰੈਵਲ ਏਜੰਸੀ ਦਾ ਲਾਇਸੰਸ ਨੰਬਰ:18/ਐਮ.ਸੀ-2 ਮਿਤੀ 23-04-2015 ਤੁਰੰਤ ਪ੍ਰਭਾਵ ਨਾਲ ਰੱਦ ਕੀਤਾ ਜਾਂਦਾ ਹੈ।

ਇਸ ਤੋਂ ਇਲਾਵਾ ਐਕਟ/ਰੂਲਜ਼ ਮੁਤਾਬਕ ਕਿਸੇ ਵੀ ਕਿਸਮ ਦੀ ਇਸਦੇ ਖੁੱਦ ਜਾਂ ਇਸਦੀ ਫਰਮ ਦੇ ਖਿਲਾਫ ਕੋਈ ਵੀ ਸਿਕਾਇਤ ਆਦਿ ਦਾ ਉਕਤ ਲਾਇਸੰਸੀ ਹਰ ਪੱਖੋਂ ਜਿੰਮੇਵਾਰ ਹੋਵੇਗਾ ਅਤੇ ਇਸਦੀ ਭਰਪਾਈ ਕਰਨ ਦਾ ਵੀ ਜਿੰਮੇਵਾਰ ਹੋਵੇਗਾ।

ਮਿਤੀ: 02-08-2019

ਵਧੀਕ ਜਿਲ੍ਹਾ ਮੈਜਿਸਟਰੇਟ,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਪਿਠ ਅੰਕਣ ਨੰ: 1075-1130 /ਆਈ.ਸੀ. ਮਿਤੀ 7/8/2019

ਇਸ ਦਾ ਇੱਕ ਉਤਾਰਾ ਨਿਮਨ ਨੂੰ ਸੂਚਨਾਂ ਅਤੇ ਲੋੜੀਂਦੀ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸੁਪਰਡੰਟ, ਪੰਜਾਬ ਸਰਕਾਰ, ਗ੍ਰਿਹ ਮਾਮਲੇ ਅਤੇ ਨਿਆਂ ਵਿਭਾਗ (ਗ੍ਰਿਹ-5 ਸ਼ਾਖਾ), ਮੇਨ ਸਕੱਤਰੇਤ-1, ਚੰਡੀਗੜ੍ਹ।
2. ਸਮੂਹ ਜਿਲ੍ਹਾ ਮੈਜਿਸਟਰੇਟ, ਪੰਜਾਬ ਰਾਜ (ਰੂਪਨਗਰ, ਪਟਿਆਲਾ, ਫਤਿਹਗੜ੍ਹ ਸਾਹਿਬ, ਮਾਨਸਾ, ਬਠਿੰਡਾ, ਬਰਨਾਲਾ, ਤਰਨਤਾਰਨ, ਸ਼ਹੀਦ ਭਗਤ ਸਿੰਘ ਨਗਰ, ਜਲੰਧਰ, ਲੁਧਿਆਣਾ, ਮੁਕੱਤਸਰ, ਫਾਜਿਲਕਾ, ਗੁਰਦਾਸਪੁਰ, ਫਰੀਦਕੋਟ, ਸ੍ਰੀ ਅਮ੍ਰਿਤਸਰ ਸਾਹਿਬ, ਫਿਰੋਜ਼ਪੁਰ, ਹੁਸਿਆਰਪੁਰ, ਕਪੂਰਥਲਾ, ਮੋਗਾ, ਪਠਾਨਕੋਟ ਅਤੇ ਸੰਗਰੂਰ।
3. ਸਮੂਹ ਕਮਿਸ਼ਨਰ ਆਫ ਪੁਲਿਸ, ਪੰਜਾਬ ਰਾਜ (ਲੁਧਿਆਣਾ, ਜਲੰਧਰ ਅਤੇ ਅਮ੍ਰਿਤਸਰ ਸਾਹਿਬ)।
4. ਸੀਨੀਅਰ ਕਪਤਾਨ ਪੁਲਿਸ, ਪੰਜਾਬ ਰਾਜ (ਅਮ੍ਰਿੰਤਸਰ ਦਿਹਾਤੀ, ਬਟਾਲਾ, ਗੁਰਦਾਸਪੁਰ, ਪਠਾਨਕੋਟ, ਤਰਨਤਾਰਨ, ਪਟਿਆਲਾ, ਸੰਗਰੂਰ, ਬਰਨਾਲਾ, ਰੂਪਨਗਰ, ਸ਼ਹੀਦ ਭਗਤ ਸਿੰਘ ਨਗਰ, ਜਲੰਧਰ ਦਿਹਾਤੀ, ਹੁਸਿਆਰਪੁਰ, ਕਪੂਰਥਲਾ, ਲੁਧਿਆਣਾ ਦਿਹਾਤੀ, ਖੰਨਾ, ਫਤਿਹਗੜ੍ਹ ਸਾਹਿਬ, ਬਠਿੰਡਾ, ਮੁਕੱਤਸਰ, ਮਾਨਸਾ, ਫਿਰੋਜ਼ਪੁਰ, ਫਾਜਿਲਕਾ, ਮੋਗਾ ਅਤੇ ਫਰੀਦਕੋਟ।
5. ਸੀਨੀਅਰ ਕਪਤਾਨ ਪੁਲਿਸ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਫਰਮ ਦੇ ਖਿਲਾਫ ਕਾਨੂੰਨ/ਨਿਯਮਾਂ ਅਨੁਸਾਰ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਇਸ ਤੋਂ ਇਲਾਵਾ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਦਫਤਰ ਦੇ ਪੱਤਰ ਨੰ:700/ਆਈ.ਸੀ.ੀ ਮਿਤੀ 15-11-2018 ਅਤੇ ਯਾਦ ਪੱਤਰ ਪਿਠ ਅੰਕਣ ਨੰ:843/ਆਈ.ਸੀ. ਮਿਤੀ 20-12-2018 ਰਾਹੀਂ ਭੇਜੀ ਗਈ ਸਿਕਾਇਤ ਦੀ ਪੜਤਾਲ ਰਿਪੋਰਟ ਭੇਜੀ ਜਾਵੇ ਅਤੇ ਸ੍ਰੀ ਨਰਿੰਦਰ ਕੁਮਾਰ ਪੁੱਤਰ ਸ੍ਰੀ ਸ੍ਰੀ ਰਾਮ ਦੀ ਦਰਖਾਸਤ ਮਿਤੀ 26-03-2019 ਮੁਤਾਬਿਕ ਉਕਤ ਫਰਮ ਵੱਲੋਂ ਟਰੈਵਲ ਏਜੰਸੀ ਦਾ ਕੰਮ ਮਈ/2018 ਵਿੱਚ ਬੰਦ ਕਰਨ ਦੇ ਬਾਵਜੂਦ ਉਸਦੇ ਨਾਮ ਤੇ **ਐਸ.ਸੀ.ਐਫ. ਨੰ:15 ਫੇਜ-11, ਮੋਹਾਲੀ** ਤੋਂ ਲਾਇਸੰਸ ਦੀ ਕੀਤੀ ਜਾ ਰਹੀ ਦੁਰਵਰਤੋਂ ਤੁਰੰਤ ਰੋਕੀ ਜਾਵੇ ਅਤੇ ਐਕਟ/ਨਿਯਮਾਂ ਅਨੁਸਾਰ ਤੁਰੰਤ ਪੜਤਾਲ ਅਮਲ ਵਿੱਚ ਲਿਆਂਦੀ ਜਾਵੇ। ਇਸ ਸਬੰਧੀ ਵਿਸਥਾਰ ਸਹਿਤ ਮੁਕੰਮਲ ਪੜਤਾਲ/ਕਾਰਵਾਈ ਰਿਪੋਰਟ ਇੱਕ ਹਫਤੇ ਦੇ ਅੰਦਰ-ਅੰਦਰ ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।
6. ਉਪ ਮੰਡਲ ਮੈਜਿਸਟਰੇਟ, ਮੋਹਾਲੀ/ਖਰੜ੍ਹ/ਡੇਰਾਬੱਸੀ।
7. ਜਿਲ੍ਹਾ ਲੋਕ ਸੰਪਰਕ ਅਫਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਸਬੰਧੀ ਇਸ਼ਤਿਹਾਰ ਦੋ ਅਖਬਾਰਾਂ(ਅੰਗਰੇਜੀ ਅਤੇ ਪੰਜਾਬੀ)ਵਿੱਚ ਪ੍ਰਕਾਸ਼ਿਤ ਕਰਵਾਇਆ ਜਾਵੇ।
8. ਜਿਲ੍ਹਾ ਇੰਨਫਾਰਮੇਟਿਕ ਅਫਸਰ, ਐਨ.ਆਈ.ਸੀ., ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਦਫਤਰੀ ਵੈਬਸਾਇਟ ਤੇ ਅੱਪਲੋਡ ਕਰਨ ਹਿੱਤ।

(ਰਜਿਸਟਰਡ ਡਾਕ ਰਾਹੀਂ)

9. ਸ੍ਰੀ ਨਰਿੰਦਰ ਕੁਮਾਰ ਪੁੱਤਰ ਸ੍ਰੀ ਸ੍ਰੀ ਰਾਮ ਸਥਾਈ ਪਤਾ ਪਿੰਡ-ਢੱਕਤਾਣਾ, ਨਵਾਂ ਪਿੰਡ ਟੱਪਰੀਆਂ, ਤਹਿਸੀਲ-ਬਲਾਚੌਰ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਸੂਚਨਾਂ ਹਿੱਤ।

(ਰਾਹੀਂ ਤਹਿਸੀਲਦਾਰ, ਖਰੜ੍ਹ)

10. ਸ੍ਰੀ ਨਰਿੰਦਰ ਕੁਮਾਰ ਪੁੱਤਰ ਸ੍ਰੀ ਸ੍ਰੀ ਰਾਮ ਇਸ ਜਿਲ੍ਹੇ ਵਿੱਚਲਾ ਅਸਥਾਈ ਪਤਾ ਮਕਾਨ ਨੰ:104, ਸੈਕਟਰ-71, ਮੋਹਾਲੀ, ਜਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੂੰ ਸੂਚਨਾਂ ਹਿੱਤ।

ਵਧੀਕ ਜਿਲ੍ਹਾ ਮੈਜਿਸਟਰੇਟ,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।